BRITISH COLUMBIA HealthLinkBC

Punjabi - Number 50f
July 2021

# ਬੀ.ਸੀ. ਵਿੱਚ ਗਰੇਡ 6 ਵਿੱਚ ਇਮਿਊਨਾਈਜ਼ੇਸ਼ਨਜ਼

# Grade 6 Immunizations in B.C.

ਬਿਮਾਰੀਆਂ ਤੋਂ ਬਚਾਉਣ ਲਈ ਟੀਕਾਕਰਣ ਨੇ ਪਿਛਲੇ 50 ਸਾਲਾਂ ਵਿੱਚ ਕੈਨੇਡਾ ਵਿੱਚ ਸਿਹਤ ਸੰਬੰਧੀ ਕਿਸੇ ਵੀ ਹੋਰ ਜਤਨ ਨਾਲੋਂ ਜ਼ਿਆਦਾ ਜਾਨਾਂ ਬਚਾਈਆਂ ਹਨ। ਵੈਕਸੀਨਾਂ ਤੁਹਾਡੇ ਬੱਚੇ ਦੀ ਬਹੁਤ ਸਾਰੀਆਂ ਬਿਮਾਰੀਆਂ ਅਤੇ ਉਨ੍ਹਾਂ ਦੀਆਂ ਜਟਿਲਤਾਵਾਂ ਵਿਰੁੱਧ ਰੱਖਿਆ ਕਰਨ ਦਾ ਸਭ ਤੋਂ ਵਧੀਆ ਤਰੀਕਾ ਹਨ। ਜਦੋਂ ਤੁਸੀਂ ਆਪਣੇ ਬੱਚੇ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਟੀਕੇ ਲਗਵਾਉਂਦੇ ਹੋ, ਤਾਂ ਤੁਸੀਂ ਦੂਜਿਆਂ ਦੀ ਰੱਖਿਆ ਕਰਨ ਵਿੱਚ ਵੀ ਮਦਦ ਕਰਦੇ ਹੋ।

ਹੈਪੇਟਾਈਟਸ ਬੀ (hepatitis B), ਚਿਕਨਪੌਕਸ (ਵੈਰੀਸੈਲਾ) ਅਤੇ ਹਿਊਮਨ ਪੈਪੀਲੋਮਾਵਾਇਰਸ (ਐਚ ਪੀ ਵੀ) (human papillomavirus-HPV) ਵੈਕਸੀਨਾਂ ਗਰੇਡ 6 ਵਿਚਲੇ ਸਾਰੇ ਵਿਦਿਆਰਥੀਆਂ ਨੂੰ ਪੇਸ਼ ਕੀਤੀਆਂ ਜਾਂਦੀਆਂ ਹਨ।

ਤੁਹਾਡੇ ਬੱਚੇ ਦੁਆਰਾ ਬਿਮਾਰੀਆਂ ਤੋਂ ਬਚਾਉਣ ਲਈ ਲਗਾਏ ਗਏ ਸਾਰੇ ਟੀਕਿਆਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ। ਇਹ ਯਕੀਨੀ ਬਣਾਓ ਕਿ ਉਨ੍ਹਾਂ ਨੂੰ ਬਚਪਨ ਲਈ ਸਿਫਾਰਸ਼ ਕੀਤੀਆਂ ਗਈਆਂ ਵੈਕਸੀਨਾਂ ਜਿੰਨਾਂ ਲਈ ਉਹ ਯੋਗ ਹਨ ਦੀਆਂ ਸਾਰੀਆਂ ਖੁਰਾਕਾਂ ਮਿਲਦੀਆਂ ਹਨ। ਜੇ ਤੁਹਾਡੇ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜਾਂ ਇਮਿਊਨਾਇਜ਼ਬੀਸੀ https://immunizebc.ca/ ਤੇ ਜਾਓ।

## ਹੈਪੇਟਾਈਟਸ ਬੀ ਵੈਕਸੀਨ (hepatitis B vaccine) ਕੀ ਹੈ?

ਹੈਪੇਟਾਈਟਸ ਬੀ ਵੈਕਸੀਨ ਹੈਪੇਟਾਈਟਸ ਬੀ ਵਾਇਰਸ ਦੇ ਵਿਰੁੱਧ ਰੱਖਿਆ ਕਰਦੀ ਹੈ। ਗਰੇਡ 6 ਵਿਚਲੇ ਬਹੁਤੇ ਬੱਚਿਆਂ ਦਾ ਛੋਟੀ ਉਮਰ ਵਿੱਚ ਹੀ ਹੈਪੇਟਾਈਟਸ ਬੀ ਵਿਗਾੜ ਦੇ ਵਿਰੁੱਧ ਟੀਕਾਰਰਣ ਹੋ ਚੁੱਕਾ ਹੋਏਗਾ ਅਤੇ ਉਨ੍ਹਾਂ ਨੂੰ ਵੈਕਸੀਨ ਦੀਆਂ ਹੋਰ ਖੁਰਾਕਾਂ ਦੀ ਲੋੜ ਨਹੀਂ ਹੋਵੇਗੀ। ਉਹ ਬੱਚੇ ਜਿੰਨਾਂ ਦਾ ਟੀਕਾਕਰਣ ਨਹੀਂ ਹੋਇਆ ਹੈ ਲਈ 6 ਮਹੀਨੇ ਦੇ ਅੰਤਰ ਤੇ ਦਿੱਤੀਆਂ ਜਾਣ ਵਾਲੀਆਂ ਵੈਕਸੀਨ ਦੀਆਂ 2 ਖੁਰਾਕਾਂ ਦਾ ਪ੍ਰਬੰਧ ਕੀਤਾ ਜਾਏਗਾ। ਹੋਰ ਜਾਣਕਾਰੀ ਲਈ, HealthLinkBC File #25a ਹੈਪੇਟਾਈਟਸ ਬੀ ਵੈਕਸੀਨ ਦੇਖੋ।

## ਹੈਪੇਟਾਈਟਸ ਬੀ ਵਿਗਾੜ ਕੀ ਹੈ?

ਹੈਪੇਟਾਈਟਸ ਬੀ ਇਕ ਅਜਿਹਾ ਵਾਇਰਸ ਹੈ ਜੋ ਜਿਗਰ ਤੇ ਹਮਲਾ ਕਰਦਾ ਹੈ। ਇਹ ਜਿਗਰ ਨੂੰ ਸਥਾਈ ਨੁਕਸਾਨ (ਸਿਰੋਸਿਸ) ਸਮੇਤ ਸਿਹਤ ਦੀਆਂ ਗੰਭੀਰ ਸਮੱਸਿਆਂਵਾਂ ਦਾ ਕਾਰਨ ਬਣ ਸਕਦਾ ਹੈ। ਹੈਪੇਟਾਈਟਸ ਬੀ ਜਿਗਰ ਦੇ ਕੈਂਸਰ, ਜੋ ਕਿ ਜਾਨਲੇਵਾ ਹੋ ਸਕਦਾ ਹੈ, ਦੇ ਮੁੱਖ ਕਾਰਨਾਂ ਵਿੱਚੋਂ ਇੱਕ ਵੀ ਹੈ।

ਹੈਪੇਟਾਈਟਸ ਬੀ ਵਾਇਰਸ ਖੂਨ ਜਾਂ ਸਰੀਰਕ ਦ੍ਰਵਾਂ ਦੇ ਨਾਲ ਸੰਪਰਕ ਵਿੱਚ ਆਉਣ ਕਰਕੇ ਇਸ ਨਾਲ ਗ੍ਰਸਤ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਫੈਲਦਾ ਹੈ। ਇਸ ਵਿੱਚ ਵਰਤੀ ਹੋਈ ਸੂਈ ਚੁਭਾਏ ਜਾਣਾ, ਵਿਗਾੜ ਗ੍ਰਸਤ ਖੂਨ ਦੇ ਨਾਲ ਮੂੰਹ, ਨੱਕ ਜਾਂ ਅੱਖਾਂ ਵਿੱਚ ਛਿੜਕੇ ਜਾਣਾ, ਵਿਗਾੜ ਗ੍ਰਸਤ ਵਿਅਕਤੀ ਦੁਆਰਾ ਵੱਢੇ ਜਾਣਾ ਜਾਂ ਖੂਨ ਨਾਲ ਦੂਸ਼ਿਤ ਸਮਾਨ ਜਿਵੇਂ ਕਿ ਦੰਦਾਂ ਦਾ ਬਰੱਸ਼, ਡੇਂਟਲ ਫਲੋਸ ਜਾਂ ਰੇਜ਼ਰ ਸਾਂਝੇ ਕਰਨਾ ਜਾਂ ਨਿਕਟੀ ਜਿਨਸੀ ਸੰਪਰਕ ਸ਼ਾਮਲ ਹਨ। ਵਾਇਰਸ ਗਲੇ ਲੱਗਣ, ਚੁੰਮਣ, ਛਿਕਣ ਜਾਂ ਖੰਘਣ ਵਰਗੇ ਸਰਸਰੀ ਸੰਪਰਕ ਦੁਆਰਾ ਨਹੀਂ ਫੈਲਦਾ।

## ਚਿਕਨਪੌਕਸ (ਵੈਰੀਸੈਲਾ) ਵੈਕਸੀਨ ਕੀ ਹੈ?

ਚਿਕਨਪੌਕਸ (ਵੈਰੀਸੈਲਾ) ਵੈਕਸੀਨ ਚਿਕਨਪੌਕਸ ਬਿਮਾਰੀ ਅਤੇ ਉਸ ਦੀਆਂ ਜਟਿਲਤਾਵਾਂ ਦੇ ਵਿਰੁੱਧ ਰੱਖਿਆ ਕਰਦੀ ਹੈ। ਗਰੇਡ 6 ਦੇ ਜ਼ਿਆਦਾਤਰ ਵਿਦਿਆਰਥੀਆਂ ਨੂੰ ਛੋਟੀ ਉਮਰ ਵਿਚ ਵੈਕਸੀਨ ਦੀਆਂ 2 ਖੁਰਾਕਾਂ ਮਿਲ ਗਈਆਂ ਹੋਣਗੀਆਂ ਅਤੇ ਉਨ੍ਹਾਂ ਨੂੰ ਹੋਰ ਖੁਰਾਕ ਦੀ ਜ਼ਰੂਰਤ ਨਹੀਂ ਹੈ। ਉਹ ਬੱਚੇ ਜਿੰਨਾਂ ਨੂੰ ਕਦੇ ਵੀ ਵੈਕਸੀਨ ਨਹੀਂ ਮਿਲੀ, ਨੂੰ ਘੱਟੋ ਘੱਟ 3 ਮਹੀਨੇ ਦੇ ਫਾਸਲੇ ਤੇ 2 ਖੁਰਾਕਾਂ ਮਿਲਣੀਆਂ ਚਾਹੀਦੀਆਂ ਹਨ। ਜੇ ਤੁਹਾਡੇ ਬੱਚੇ ਨੂੰ ਉਨ੍ਹਾਂ ਦੇ ਪਹਿਲੇ ਜਨਮਦਿਨ ਤੋਂ ਪਹਿਲਾਂ ਚਿਕਨਪੌਕਸ ਹੋ ਗਿਆ ਸੀ, ਤਾਂ ਉਨ੍ਹਾਂ ਨੂੰ ਇਹ ਵੈਕਸੀਨ ਮਿਲਣੀ ਚਾਹੀਦੀ ਹੈ ਕਿਉਂਕਿ ਸੰਭਵ ਹੈ ਕਿ ਉਨ੍ਹਾਂ ਨੇ ਬਿਮਾਰੀ ਦੇ ਵਿਰੁੱਧ ਲੰਮੇ ਸਮੇਂ ਤੱਕ ਰਹਿਣ ਵਾਲੀ ਰੱਖਿਆ ਵਿਕਸਤ ਨਾ ਕੀਤੀ ਹੋਏ ਅਤੇ ਉਨ੍ਹਾਂ ਨੂੰ ਮੁੜ ਕੇ ਚਿਕਨਪੌਕਸ ਹੋ ਜਾਏ। ਤੁਹਾਡੇ ਬੱਚੇ ਨੂੰ ਵੈਕਸੀਨ ਦੀ ਲੋੜ ਨਹੀਂ ਹੈ ਜੇ ਉਨ੍ਹਾਂ ਨੂੰ 1 ਸਾਲ ਜਾਂ ਉਸ ਤੋਂ ਵੱਧ ਉਮਰ ਤੇ ਲੈਬ ਟੈਸਟ ਦੁਆਰਾ ਪਛਾਣ ਕੀਤੀ ਗਈ ਚਿਕਨਪੌਕਸ ਜਾਂ ਸ਼ਿੰਗਲਜ਼ (shingles) ਹੋਈ ਸੀ। ਹੋਰ ਜਾਣਕਾਰੀ ਲਈ, HealthLinkBC File #44b ਚਿਕਨਪੌਕਸ (ਵੈਰੀਸੈਲਾ) ਵੈਕਸੀਨ ਦੇਖੋ।

## ਚਿਕਨਪੌਕਸ ਕੀ ਹੈ?

ਚਿਕਨਪੌਕਸ ਤੋਂ ਹੋਣ ਵਾਲੀਆਂ ਜਟਿਲਤਾਵਾਂ ਵਿੱਚ ਨਿਮੋਨੀਆ (ਫੇਫੜਿਆਂ ਦਾ ਵਿਗਾੜ), ਏਨਸਿਫਾਲਾਇਟਿਸ (ਦਿਮਾਗ ਦੀ ਸੋਜ) ਅਤੇ ਬੈਕਟੀਰੀਆ ਕਰਕੇ ਹੋਣ ਵਾਲੇ ਚਮੜੀ ਦੇ ਵਿਗਾੜ ਸ਼ਾਮਲ ਹਨ। ਏਨਸਿਫਾਲਾਇਟਿਸ ਕਰਕੇ ਦੌਰੇ, ਬੋਲਾਪਨ ਜਾਂ ਦਿਮਾਗ ਦਾ ਨੁਕਸਾਨ ਹੋ ਸਕਦਾ ਹੈ। ਚਿਕਨਪੌਕਸ ਦਾ ਸ਼ਿਕਾਰ ਹੋਣ ਵਾਲੇ 3,000 ਬਾਲਗਾਂ ਵਿੱਚੋਂ ਲਗਭਗ 1 ਦੀ ਵਿਗਾੜ ਕਰਕੇ ਮੌਤ ਹੋ ਜਾਂਦੀ ਹੈ।

ਚਿਕਨਪੌਕਸ ਵੈਰੀਸੈਲਾ-ਜ਼ੋਸਟਰ ਵਾਇਰਸ ਕਰਕੇ ਹੋਣ ਵਾਲਾ ਵਿਗਾੜ ਹੈ। ਨਵਜੰਮੇ ਬੱਚਿਆਂ, ਕਿਸ਼ੋਰਾਂ, ਬਾਲਗਾਂ, ਗਰਭਵਤੀ ਔਰਤਾਂ ਅਤੇ ਸਰੀਰ ਨੂੰ ਬਿਮਾਰੀ ਤੋਂ ਬਚਾਉਣ ਵਾਲੀਆਂ ਕਮਜ਼ੋਰ ਪ੍ਰਣਾਲੀਆਂ ਵਾਲੇ ਲੋਕਾਂ ਵਿੱਚ ਵਿਗਾੜ ਬਹੁਤ ਜ਼ਿਅਦਾ ਤੀਬਰ ਹੋ ਸਕਦਾ ਹੈ।

ਇਹ ਵਾਇਰਸ ਵਿਗਾੜ ਗ੍ਰਸਤ ਵਿਅਕਤੀ ਦੇ ਛਿੱਕਣ ਜਾਂ ਖੰਘਣ ਦੇ ਨਾਲ ਹਵਾ ਰਾਹੀਂ ਫੈਲਦਾ ਹੈ। ਇਹ ਚਿਕਨਪੌਕਸ ਦੇ ਛਾਲਿਆਂ ਦੇ ਦ੍ਰਵ ਦੁਆਰਾ ਵੀ ਫੈਲ ਸਕਦਾ ਹੈ। ਇਹ ਵਿਗਾੜਗ੍ਰਸਤ ਵਿਅਕਤੀ ਦੀ ਥੁੱਕ ਦੇ ਨਾਲ ਸੰਪਰਕ ਵਿੱਚ ਆਉਣ ਨਾਲ, ਜਿਵੇਂ ਕਿ ਭੋਜਨ ਜਾਂ ਪੇਯ ਪਦਾਰਥ ਸਾਂਝੇ ਕਰਨ ਜਾਂ ਚੁੰਮਣ ਦੁਆਰਾ ਵੀ ਫੈਲ ਸਕਦਾ ਹੈ।

## ਐਚ ਪੀ ਵੀ (HPV) ਵੈਕਸੀਨ ਕੀ ਹੈ?

ਐਚ ਪੀ ਵੀ (HPV) ਵੈਕਸੀਨ ਐਚ ਪੀ ਵੀ (HPV) ਦੀਆਂ 9 ਕਿਸਮਾਂ ਦੇ ਵਿਰੂੱਧ ਰੱਖਿਆ ਕਰਦੀ ਹੈ ਜਿੰਨ੍ਹਾਂ ਕਰਕੇ ਵੱਖ ਵੱਖ ਕੈਂਸਰ ਅਤੇ ਜਣਨ ਅੰਗਾਂ ਦੇ ਮੱਸੇ (genital warts) ਹੁੰਦੇ ਹਨ। ਇਹ ਐਚ ਪੀ ਵੀ (HPV) ਦੀਆਂ 7 ਕਿਸਮਾਂ ਜਿੰਨ੍ਹਾਂ ਕਰਕੇ ਬੱਚੇਦਾਨੀ ਦੇ 90% ਕੈਂਸਰ ਅਤੇ ਕਈ ਹੋਰ ਕੈਂਸਰ ਜਿਵੇਂ ਕਿ ਯੋਨੀ, ਭਗ, ਗੁਦੇ, ਲਿੰਗ, ਮੂੰਹ ਅਤੇ ਗਲੇ ਦੇ ਕੈਂਸਰ ਹੁੰਦੇ ਹਨ ਦੇ ਵਿਰੱਧ ਰਖਿਆ ਕਰਦੀ ਹੈ। ਇਹ ਐਚ ਪੀ ਵੀ (HPV) ਦੀਆਂ 2 ਕਿਸਮਾਂ ਦੇ ਵਿਰੂੱਧ ਵੀ ਰੱਖਿਆ ਕਰਦੀ ਹੈ ਜਿੰਨ੍ਹਾਂ ਕਰਕੇ ਜਣਨ ਅੰਗਾਂ ਦੇ ਮੱਸੇ (genital warts) ਦੇ ਲਗਭਗ 90% ਕੇਸ ਹੁੰਦੇ ਹਨ। ਵੈਕਸੀਨ ਘੱਟੋ ਘੱਟ 6 ਮਹੀਨੇ ਤੇ ਅੰਤਰ ਤੇ ਦਿੱਤੀਆਂ ਜਾਣ ਵਾਲੀਆਂ 2 ਖੁਰਾਕਾਂ ਦੀ ਤਰ੍ਹਾਂ ਦਿੱਤੀ ਜਾਂਦੀ ਹੈ। ਹੋਰ ਜਾਣਕਾਰੀ ਲਈ, HealthLinkBC File #101b ਹਿਊਮਨ ਪੈਪੀਲੋਮਾਵਾਇਰਸ (ਐਚ ਪੀ ਵੀ) ਵੈਕਸੀਨਾਂ ਦੇਖੋ।

## ਐਚ ਪੀ ਵੀ (HPV) ਕੀ ਹੈ ਅਤੇ ਇਹ ਕਿਸ ਨੂੰ ਹੋ ਸਕਦੀ ਹੈ?

ਐਚ ਪੀ ਵੀ (HPV) ਲਿੰਗੀ ਤਰੀਕੇ ਨਾਲ ਸੰਚਾਰਿਤ ਹੋਣ ਵਾਲੇ ਸਭ ਤੋਂ ਆਮ ਵਿਗਾੜਾਂ (ਐਸ ਟੀ ਆਈਆਂ) ਵਿਚੋਂ ਇੱਕ ਹੈ ਅਤੇ ਟੀਕਾਟਰਣ ਨਾ ਕੀਤੇ ਹੋਏ ਲਿੰਗੀ ਰੂਪ ਨਾਲ ਸਕ੍ਰਿਏ 4 ਲੋਕਾਂ ਵਿੱਚੋਂ 3 ਨੂੰ ਕਿਸੀ ਸਮੇਂ ਐਚ ਪੀ ਵੀ (HPV) ਹੋਏਗੀ। ਕੋਈ ਵੀ ਵਿਅਕਤੀ ਜੋ ਕਿਸੇ ਹੋਰ ਵਿਅਕਤੀ ਦੇ ਨਾਲ ਮੌਖਿਕ, ਜੈਨੀਟਲ ਜਾਂ ਗੁਦੇ ਦੇ ਸੰਪਰਕ ਸੰਬੰਧੀ ਲਿੰਗੀ ਗਤੀਵਿਧੀ ਕਰਦਾ ਹੈ, ਨੂੰ ਐਚ ਪੀ

ਵੀ (HPV) ਹੋ ਸਕਦੀ ਹੈ। ਵਿਗਾੜਗ੍ਰਸਤ ਹੋਣ ਲਈ ਲਿੰਗੀ ਸੰਭੋਗ ਜ਼ਰੂਰੀ ਨਹੀਂ ਹੈ।

ਹਰ ਸਾਲ ਬੀ.ਸੀ. ਵਿੱਚ ਲਗਭਗ:

- 200 ਔਰਤਾਂ ਨੂੰ ਬੱਚੇਦਾਨੀ ਦਾ ਕੈਂਸਰ ਹੋਵੇਗਾ ਅਤੇ 50 ਦੀ ਬਿਮਾਰੀ ਕਰਕੇ ਮੌਤ ਹੋ ਜਾਵੇਗੀ
- 6,000 ਔਰਤਾਂ ਬੱਚੇਦਾਨੀ ਵਿੱਚ ਉੱਚ ਜੋਖਮ ਵਾਲੀਆਂ ਤਬਦੀਲੀਆਂ ਵਿਕਸਤ ਕਰਨਗੀਆਂ ਜਿਹੜੀਆਂ ਕੈਂਸਰ ਵਿੱਚ ਬਦਲ ਜਾਣ ਦੀ ਸੰਭਾਵਨਾ ਵਾਲੀਆਂ ਹਨ (precancerous)
- 110 ਲੋਕਾਂ ਨੂੰ ਗੁਦੇ ਦਾ ਕੈਂਸਰ ਹੋਵੇਗਾ ਅਤੇ 20 ਦੀ ਬਿਮਾਰੀ ਕਰਕੇ ਮੌਤ ਹੋ ਜਾਵੇਗੀ
- 5,500 ਲੋਕ ਜਣਨ ਅੰਗਾਂ ਦੇ ਮੱਸੇ (genital warts) ਵਿਕਸਤ ਕਰ ਲੈਣਗੇ

ਲੋਕਾਂ ਦੀ ਸਭ ਤੋਂ ਵਧੀਆ ਸੁਰੱਖਿਆ ਉਸ ਵੇਲੇ ਹੁੰਦੀ ਹੈ ਜਦੋਂ ਉਨ੍ਹਾਂ ਨੂੰ ਲਿੰਗੀ ਰੂਪ ਨਾਲ ਸਕ੍ਰਿਏ ਹੋਣ ਤੋਂ ਪਹਿਲਾਂ ਐਚ ਪੀ ਵੀ (HPV) ਵੈਕਸੀਨ ਮਿਲਦੀ ਹੈ। ਵੈਕਸੀਨ, ਵੈਕਸੀਨ ਦੁਆਰਾ ਕਵਰ ਕੀਤੀਆਂ ਜਾਣ ਵਾਲੀਆਂ ਐਚ ਪੀ ਵੀ (HPV) ਕਿਸਮਾਂ ਕਰਕੇ ਹੋਣ ਵਾਲੇ ਬੱਚੇਦਾਨੀ ਦੇ ਕੈਂਸਰ ਦੇ ਲਗਭਗ 100% ਕੇਸਾਂ ਅਤੇ ਜਣਨ ਅੰਗਾਂ ਦੇ ਮੱਸਿਆਂ (genital warts) ਦੇ 90% ਤੋਂ 100% ਕੇਸਾਂ ਨੂੰ ਰੋਕਦੀ ਹੈ।

## ਇੰਨਾਂ ਵੈਕਸੀਨਾਂ ਦੇ ਬਾਦ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਕੀ ਹਨ?

ਆਮ ਪ੍ਰਤੀਕ੍ਰਿਆਵਾਂ ਵਿੱਚ ਵੈਕਸੀਨ ਦਿੱਤੇ ਜਾਣ ਵਾਲੀ ਥਾਂ ਤੇ ਜਲਨ, ਲਾਲੀ, ਅਤੇ ਸੋਜ ਸ਼ਾਮਲ ਹੋ ਸਕਦੇ ਹਨ। ਸਿਰਦਰਦ, ਬੁਖਾਰ ਅਤੇ ਥਕੇਵਾਂ ਵੀ ਵਾਪਰ ਸਕਦਾ ਹੈ। ਚਿਕਨਪੌਕਸ ਵੈਕਸੀਨ ਲਗਵਾਉਣ ਦੇ ਲਗਭਗ 2 ਹਫਤਿਆਂ ਦੇ ਬਾਅਦ ਚਿਕਨਪੌਕਸ ਵਰਗਾ ਲਗਣ ਵਾਲਾ ਪਰ ਘੱਟ ਨਿਸ਼ਾਨਾਂ ਵਾਲਾ ਰੈਸ਼ ਵੀ ਹੋ ਸਕਦਾ ਹੈ। ਆਮਤੌਰ ਤੇ ਇਹ ਰੈਸ਼ ਟੀਕਾ ਲਗਾਏ ਜਾਣ ਵਾਲੀ ਥਾਂ ਦੇ ਨੇੜੇ ਦੀ ਚਮੜੀ ਤੇ ਕੁੱਝ ਛੋਟੇ ਛਾਲੇ ਹੁੰਦੇ ਹਨ। ਕਈ ਵਾਰੀ ਸਰੀਰ ਦੇ ਦੂਸਰੇ ਭਾਗਾਂ ਤੇ ਵੀ ਉਭਰ ਸਕਦਾ ਹੈ। ਬਹੁਤ ਹੀ ਵਿਰਲੇ, ਬਿਮਾਰੀ ਤੋਂ ਬਚਾਅ ਵਾਸਤੇ ਲਗਾਏ ਗਏ ਟੀਕੇ ਤੋਂ ਬਾਅਦ ਰੈਸ਼ ਵਿਕਸਤ ਕਰਨ ਵਾਲਾ ਵਿਅਕਤੀ ਚਿਕਨਪੌਕਸ ਵੈਕਸੀਨ ਵਿਚੋਂ ਵਾਇਰਸ ਨੂੰ ਦੂਸਰਿਆਂ ਤੱਕ ਫੈਲਾ ਸਕਦਾ ਹੈ। ਵਾਇਰਸ ਨੂੰ ਦੂਸਰਿਆਂ ਤੱਕ ਫੈਲਣ ਤੋਂ ਰੋਕਣ ਲਈ ਰੈਸ਼ ਨੂੰ ਛਾਲਿਆਂ ਦੇ ਸੁੱਕ ਜਾਣ ਅਤੇ ਉਨ੍ਹਾਂ ਉੱਤੇ ਪਪੜੀ ਬਣ ਜਾਣ ਤੱਕ ਢੱਕਿਆ ਜਾਣਾ ਚਾਹੀਦਾ ਹੈ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜਰੂਰੀ ਹੈ ਕਿਉਂਕਿ ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਐਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ, ਇੱਕ ਮਿਲਿਅਨ ਵਿੱਚੋਂ 1 ਤੋਂ ਵੀ ਘੱਟ, ਸੰਭਾਵਨਾ ਹੋ ਸਕਦੀ ਹੈ। ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇ ਅਜਿਹੀ ਪ੍ਰਤੀਕਿਰਿਆ ਹੁੰਦੀ ਹੈ ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸ ਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਐਪੀਨੈਫਰਿੰਨ (ਐਡਰੇਨੇਲਿੰਨ) ਦੇਣਾ ਅਤੇ ਐਂਬੁਲੈਂਸ ਰਾਹੀਂ ਸਭ ਤੋਂ ਨਜ਼ਦੀਕੀ ਐਮਰਜੈਂਸੀ ਵਿਭਾਗ ਤੱਕ ਟਰਾਂਸਫਰ ਸ਼ਾਮਲ ਹੈ। ਜੇ ਅਜਿਹੇ ਲੱਛਣ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਦ ਵਿਕਸਤ ਹੁੰਦੇ ਹਨ, ਤਾਂ **9-1-1** ਜਾਂ ਸਥਾਨਕ ਐਮਰਜੈਂਸੀ ਨੰਬਰ ਉੱਤੇ ਫੋਨ ਕਰੋ।

ਸਾਰੀਆਂ ਗੰਭੀਰ ਜਾਂ ਅਣਿਆਈ ਪ੍ਰਤੀਕ੍ਰਿਆਵਾਂ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਦਸਣਾ ਮਹੱਤਵਪੂਰਨ ਹੈ।

> ਅਸੀਟਾਮੇਨੋਫੇਨ (Acetaminophen) (ਉਦਾਹਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ibuprofen*) (ਉਦਾਹਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ। ਏਐਸਏ (ASA) (ਉਦਾਹਰਣ ਲਈ ਐਸਪਰੀਨ (Aspirin®)) ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

ਰਾਈ ਸਿੰਡਰੋਮ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ HealthLinkBC File #84 ਰਾਈ ਸਿੰਡਰੋਮ ਦੇਖੋ।

## ਵੈਕਸੀਨ ਕਿਸ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ?

ਇੰਨਾਂ ਵਾਸਤੇ ਵੈਕਸੀਨ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ ਹੈ:

- ਉਹ ਲੋਕ ਜਿੰਨਾਂ ਨੂੰ ਵੈਕਸੀਨ ਦੀ ਪਹਿਲਾਂ ਦਿੱਤੀ ਗਈ ਖ਼ੁਰਾਕ ਜਾਂ ਯੀਸਟ (ਹੈਪੇਟਾਈਟਸ ਬੀ ਅਤੇ ਐਚ ਪੀ ਵੀ (HPV) ਵੈਕਸੀਨਾਂ), ਲੇਟੈਕਸ (ਕਈ ਹੈਪੇਟਾਈਟਸ ਬੀ ਵੈਕਸੀਨਾਂ ਵਿੱਚ), ਨਿਓਮਾਈਸਨ ਅਤੇ ਜੈਲੇਟਿੰਨ (ਕਈ ਚਿਕਨਪੌਕਸ ਵੈਕਸੀਨਾਂ ਵਿੱਚ) ਸਮੇਤ ਵੈਕਸੀਨ ਦੇ ਕਿਸੇ ਅੰਸ਼ ਪ੍ਰਤੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਪ੍ਰਤੀਕ੍ਰਿਆ ਹੋਈ ਹੈ
- ਕੁਝ ਲੋਕ ਜਿੰਨਾਂ ਦੀ ਸਰੀਰ ਨੂੰ ਬਿਮਾਰੀ ਤੋਂ ਬਚਾਉਣ ਵਾਲੀ ਪ੍ਰਣਾਲੀ ਬਿਮਾਰੀ ਜਾਂ ਮੈਡੀਕਲ ਇਲਾਜ ਕਰਕੇ ਕਮਜ਼ੋਰ ਹੈ ਨੂੰ ਚਿਕਨਪੌਕਸ ਵੈਕਸੀਨ ਨਹੀਂ ਲੈਣੀ ਚਾਹੀਦੀ
- ਉਹ ਲੋਕ ਜਿੰਨਾਂ ਦਾ ਖ਼ੂਨ ਬਦਲੀ ਕੀਤਾ ਗਿਆ ਹੈ ਜਾਂ ਜਿੰਨਾਂ ਨੂੰ ਖ਼ੂਨ ਤੋਂ ਬਣੇ ਪਦਾਰਥ ਦਿੱਤੇ ਗਏ ਹਨ ਨੂੰ ਉਨ੍ਹਾਂ ਦੁਆਰਾ ਪ੍ਰਾਪਤ ਕੀਤੇ ਗਏ ਖ਼ੂਨ ਤੋਂ ਬਣੇ ਪਦਾਰਥ ਦੇ ਅਧਾਰ ਤੇ ਚਿਕਨਪੌਕਸ ਵੈਕਸੀਨ ਪ੍ਰਾਪਤ ਕਰਨ ਤੋਂ ਪਹਿਲਾਂ 11 ਮਹੀਨਿਆਂ ਤੱਕ ਇੰਤਜਾਰ ਕਰਨਾ ਪੈ ਸਕਦਾ ਹੈ
- ਸਕ੍ਰਿਏ ਇਲਾਜ ਨਾ ਕੀਤੀ ਗਈ ਤਪਦਿਕ ਵਾਲੇ ਲੋਕਾਂ ਨੂੰ ਚਿਕਨਪੌਕਸ ਵੈਕਸੀਨ ਨਹੀਂ ਲੈਣੀ ਚਾਹੀਦੀ
- ਗਰਭਵਤੀ ਔਰਤਾਂ ਨੂੰ ਚਿਕਨਪੌਕਸ ਜਾਂ ਐਚ ਪੀ ਵੀ (HPV) ਵੈਕਸੀਨਾਂ ਨਹੀਂ ਲੈਣੀਆਂ ਚਾਹੀਦੀਆਂ

ਜ਼ੁਕਾਮ ਜਾਂ ਕਿਸੇ ਹੋਰ ਹਲਕੀ ਬਿਮਾਰੀ ਕਰਕੇ ਬਿਮਾਰੀਆਂ ਤੋਂ ਬਚਾਉਣ ਵਾਲੇ ਟੀਕੇ ਲਗਵਾਉਣ ਨੂੰ ਟਾਲਣ ਦੀ ਲੋੜ ਨਹੀਂ ਹੈ। ਪਰ, ਜੇ ਤੁਹਾਡੀਆਂ ਕੁਝ ਚਿੰਤਾਵਾਂ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਪੇ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਣ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ। 19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ। ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ ਦੇਖੋ।

BRITISH COLUMBIA | ImmunizeBC

BC Centre for Disease Control
Provincial Health Services Authority